ਅਕਤੂਬਰ 2022

# ਸੁਤੰਤਰਤਾ ਦੇ ਨਾਲ ਇੱਕ ਮਜ਼ਬੂਤ ਆਰਥਚਾਰਾ

BUILDING A NEW SCOTLAND

## ਸਾਰ

ਇਹ ਸੁਤੰਤਰਤਾ ਦੇ ਨਾਲ ਇੱਕ ਮਜ਼ਬੂਤ ਅਰਥਚਾਰੇ ਲਈ ਸਕਾਟਿਸ਼ ਸਰਕਾਰ ਦੇ ਪ੍ਰਸਤਾਵਾਂ ਦਾ ਸਾਰ ਹੈ। ਉਨ੍ਹਾਂ ਨੂੰ ਸੂਚਿਤ ਕਰਨ ਵਾਲੇ ਪ੍ਰਸਤਾਵਾਂ ਦੇ ਹੋਰ ਵੇਰਵੇ ਅਤੇ ਸਬੂਤਾਂ ਦੀ ਰੇਂਜ ਨੂੰ, ਪੂਰੇ ਪ੍ਰਕਾਸ਼ਨ ਵਿੱਚ ਨਿਰਧਾਰਤ ਕੀਤਾ ਗਿਆ ਹੈ।

### ਯੂਕੇ ਦਾ ਅਰਥਚਾਰਾ ਸਕਾਟਲੈਂਡ ਲਈ ਉਪਯੋਗੀ ਨਹੀਂ ਹੈ

ਯੂਕੇ ਦੇ ਅਰਥਚਾਰੇ ਤੋਂ ਘੱਟ  ਉਤਪਾਦਕਤਾ, ਰੁਕੀ ਹੋਈ ਤਨਖਾਹ, ਵੱਧ ਅਸਮਾਨਤਾ ਅਤੇ ਉੱਚੀਆਂ ਗਰੀਬੀ ਦਰਾਂ ਦੀ ਸਥਿਤੀ ਪੈਦਾ ਹੋ ਰਹੀ ਹੈ।

ਯੂਕੇ ਦੀ ਆਰਥਿਕ ਸਰਗਰਮੀ ਲੰਡਨ ਅਤੇ ਇੰਗਲੈਂਡ ਦੇ ਦੱਖਣ-ਪੂਰਬ ਵਿੱਚ ਕੇਂਦਰਿਤ ਹੈ, ਸਕਾਟਲੈਂਡ ਸਮੇਤ ਯੂਕੇ ਦੇ ਹੋਰ ਹਿੱਸਿਆਂ ਨੂੰ ਨੁਕਸਾਨ ਪਹੁੰਚਾਉਂਦੀ ਹੈ।

ਯੂਕੇ ਤੇਜ਼ੀ ਨਾਲ ਅਲੱਗ-ਥਲੱਗ ਹੁੰਦਾ ਜਾ ਰਿਹਾ ਹੈ। ਸਕਾਟਲੈਂਡ ਦੇ ਅਰਥਚਾਰੇ 'ਤੇ ਪੂਰੀ ਅਤੇ ਮੁਫ਼ਤ ਪਹੁੰਚ ਨੂੰ ਗੁਆਉਣ ਨਾਲ ਨਕਾਰਾਤਮਕ ਤੌਰ 'ਤੇ ਪ੍ਰਭਾਵ ਪਿਆ ਹੈ ਜੋ ਕਦੇ ਸਾਡੇ ਕੋਲ ਇੱਕ ਵਿਸ਼ਾਲ ਯੂਰਪੀਅਨ ਸਿੰਗਲ ਮਾਰਕੀਟ ਤੱਕ ਹੁੰਦੀ ਸੀ ਅਤੇ, ਲੰਬੇ ਸਮੇਂ ਤੱਕ ਇਹ ਸਥਿਤੀ ਬਣੀ ਰਹਿਣ 'ਤੇ, ਇਸ ਪ੍ਰਭਾਵ ਦੇ ਗੰਭੀਰ ਹੋ ਜਾਣ ਦੀ ਸੰਭਾਵਨਾ ਹੈ।

ਜਦੋਂ ਕਿ ਸਕਾਟਲੈਂਡ ਨੇ ਯੂਰਪੀ ਸੰਘ (EU) ਵਿੱਚ ਬਣੇ ਰਹਿਣ ਲਈ ਭਾਰੀ ਵੋਟਾਂ ਪਾਈਆਂ, ਪਰ ਅਸੀਂ ਬ੍ਰੈਕਸਿਟ ਨੂੰ ਰੋਕ ਨਹੀਂ ਸਕੇ।

ਮੌਜੂਦਾ ਯੂਕੇ ਸਰਕਾਰ ਦੀਆਂ ਨੀਤੀਆਂ ਮੁੱਖ ਮਾਲੀ ਚੁਣੌਤੀਆਂ - ਜਿਵੇਂ ਕਿ ਮਹਿੰਗਾਈ ਅਤੇ ਰਹਿਣ-ਸਹਿਣ ਦੀ ਲਾਗਤ ਦੇ ਸੰਕਟ - ਨੂੰ ਹੋਰ ਵੀ ਬਦਤਰ ਬਣਾ ਰਹੀਆਂ ਹਨ। ਅਸਥਿਰਤਾ ਅਤੇ ਗੈਰ-ਯਕੀਨੀਪਨ ਵਧ ਰਿਹਾ ਹੈ ਅਤੇ ਵਿੱਤੀ ਬਾਜ਼ਾਰ ਵੈਸਟਮਿੰਸਟਰ ਦੀ ਆਰਥਿਕ ਯੋਗਤਾ 'ਤੇ ਸਵਾਲ ਉਠਾ ਰਹੇ ਹਨ।

ਇਸ ਤੋਂ ਵੀ ਵੱਧ, ਜਿਵੇਂ ਕਿ 'ਬਿਲਡਿੰਗ ਏ ਨਿਊ ਸਕਾਟਲੈਂਡ' ਲੜੀ ਦੇ ਪਹਿਲੇ ਸਬੂਤ ਦਰਸਾਉਂਦੇ ਹਨ, ਸਕਾਟਲੈਂਡ ਦੇ ਮੁਕਾਬਲੇ ਸੁਤੰਤਰ ਯੂਰਪੀ ਦੇਸ਼ ਯੂਕੇ ਨਾਲੋਂ ਖੁਸ਼ਹਾਲ, ਅਮੀਰ ਅਤੇ ਨਿਰਪੱਖ ਹਨ। ਉਹ ਦੁਨੀਆ ਦੀਆਂ ਸਭ ਤੋਂ ਸਫਲ ਅਰਥਵਿਵਸਥਾਵਾਂ ਵਿੱਚੋਂ ਇੱਕ ਹਨ।

### ਸਕਾਟਲੈਂਡ ਦੇ ਅਰਥਚਾਰੇ ਵਿੱਚ ਬਹੁਤ ਵੱਡੀ ਸੰਭਾਵਨਾ ਹੈ

ਸਕਾਟਲੈਂਡ ਕੋਲ ਬਹੁਤ ਮਾਲੀ ਤਾਕਤ ਹੈ। ਸਾਡੇ ਕੋਲ ਸੁਤੰਤਰ ਯੂਰਪੀ ਦੇਸ਼ਾਂ ਦੀ ਤੁਲਨਾ ਅਨੁਸਾਰ ਸਫਲ ਹੋਣ ਲਈ ਹੁਨਰਮੰਦ ਲੋਕ, ਗਤੀਸ਼ੀਲ ਕਾਰੋਬਾਰ ਅਤੇ ਕੁਦਰਤੀ ਸੋਮੇ ਮੌਜੂਦ ਹਨ।

ਸਕਾਟਲੈਂਡ ਦੀ ਆਰਥਿਕਤਾ ਪਹਿਲਾਂ ਹੀ ਯੂਕੇ ਵਿੱਚ ਸਭ ਤੋਂ ਵਧੀਆ ਪ੍ਰਦਰਸ਼ਨ ਕਰਨ ਵਾਲਿਆਂ ਵਿੱਚੋਂ ਇੱਕ ਹੈ। ਸਾਡੇ ਕੋਲ ਲੰਡਨ ਅਤੇ ਇੰਗਲੈਂਡ ਦੇ ਦੱਖਣ-ਪੂਰਬ ਤੋਂ ਇਲਾਵਾ, ਯੂਕੇ ਦੇ ਵਿਕਸਤ ਦੇਸ਼ਾਂ ਜਾਂ ਖੇਤਰਾਂ ਵਿੱਚੋਂ ਪ੍ਰਤੀ ਵਿਅਕਤੀ ਸਭ ਤੋਂ ਵੱਧ ਆਮਦਨ ਹੈ।

Scottish Government
Riaghaltas na h-Alba

ਸਾਡੇ ਕੋਲ ਭਰਪੂਰ ਕੁਦਰਤੀ ਸੋਮੇ ਹਨ, ਸਕਾਟਲੈਂਡ ਯੂਕੇ ਦੇ ਦੇਸ਼ਾਂ ਅਤੇ ਖੇਤਰਾਂ ਵਿੱਚ ਹਰੇ ਵਿਕਾਸ ਦੀ ਸੰਭਾਵਨਾ ਅਤੇ ਮੌਕਿਆਂ ਲਈ ਪਹਿਲੇ ਸਥਾਨ 'ਤੇ ਹੈ।

ਅਸੀਂ ਇੱਕ ਉੱਚ-ਸਿੱਖਿਅਤ ਅਤੇ ਹੁਨਰਮੰਦ ਦੇਸ਼ ਹਾਂ, ਜਿਸ ਵਿੱਚ ਵਿਸ਼ਵ ਪੱਧਰੀ ਯੂਨੀਵਰਸਿਟੀਆਂ ਹਨ ਅਤੇ ਯੂਕੇ ਜਾਂ EU ਵਿੱਚ ਕਿਸੇ ਵੀ ਦੇਸ਼ ਨਾਲੋਂ ਵੱਧ ਸਾਡੀ ਆਬਾਦੀ ਦਾ ਵੱਡਾ ਹਿੱਸਾ ਯੂਨੀਵਰਸਿਟੀ ਜਾਂ ਕਾਲਜ ਸਿੱਖਿਆ ਨਾਲ ਲੈਸ ਹੈ।

ਸਾਡਾ ਖਾਣ-ਪੀਣ ਦਾ ਖੇਤਰ ਇੱਕ ਵੱਡੀ ਸਫ਼ਲਤਾ ਹੈ, ਜੋ 2019 ਵਿੱਚ ਸਕਾਟਲੈਂਡ ਵਿੱਚ 122,000 ਨੌਕਰੀਆਂ ਦਾ ਸਮਰਥਨ ਕਰਦਾ ਹੈ ਅਤੇ ਅਰਥਵਿਵਸਥਾ ਵਿੱਚ £5.8 ਬਿਲੀਅਨ ਸ਼ਾਮਲ ਕਰ ਰਿਹਾ ਹੈ। ਸਕਾਚ ਵਿਸਕੀ ਯੂਕੇ ਦਾ ਸਭ ਤੋਂ ਵੱਡਾ ਪੀਣ ਸੰਬੰਧੀ ਨਿਰਯਾਤ ਉਤਪਾਦ ਹੈ, ਜਦੋਂ ਕਿ ਸਕਾਟਿਸ਼ ਸਾਲਮਨ ਯੂਕੇ ਦਾ ਸਭ ਤੋਂ ਵੱਡਾ ਨਿਰਯਾਤ ਕੀਤੇ ਜਾਣ ਵਾਲਾ ਭੋਜਨ ਹੈ।

ਅਤੇ ਸਾਡੇ ਕੋਲ ਬਨਾਵਟੀ ਸਮਝ (artificial intelligence) ਅਤੇ ਸਾਈਬਰ ਸੁਰੱਖਿਆ ਸਮੇਤ ਡਿਜੀਟਲ ਤਕਨੀਕ ਵਰਗੇ ਉਦਯੋਗਾਂ ਵਿੱਚ ਪ੍ਰਮੁੱਖ ਵਿਸ਼ੇਸ਼ਤਾਵਾਂ ਮੌਜੂਦ ਹਨ।

ਸਕਾਟਿਸ਼ ਸਰਕਾਰ ਦੀ ਯੋਜਨਾ ਆਜ਼ਾਦੀ ਤਹਿਤ ਸਕਾਟਲੈਂਡ ਦੇ ਆਰਥਚਾਰੇ ਨੂੰ ਮਜ਼ਬੂਤ ਅਤੇ ਨਿਰਪੱਖ ਬਣਾਉਣ ਦੀ ਹੈ। ਉਹ ਯੋਜਨਾ ਇਸ ਪ੍ਰਕਾਰ ਹੈ।

## ਆਜ਼ਾਦ ਸਕਾਟਲੈਂਡ ਪੌਂਡ ਸਟਰਲਿੰਗ ਦੀ ਵਰਤੋਂ ਕਰੇਗਾ, ਜਦੋਂ ਤੱਕ ਸਕਾਟਿਸ਼ ਪਾਉਂਡ ਨੂੰ ਜਾਰੀ ਕਰਨ ਦਾ ਸਹੀਂ ਸਮਾਂ ਨਹੀਂ ਆਉਂਦਾ

ਜਿਵੇਂ ਹੀ ਅਮਲੀ ਰੂਪ ਵਿੱਚ, ਸਕਾਟਲੈਂਡ ਆਪਣੀ ਸੁਤੰਤਰ ਮੁਦਰਾ, ਸਕਾਟਿਸ਼ ਪੌਂਡ ਨੂੰ ਅਪਣਾਵਾਂਗੇ।

ਉਦੋਂ ਤੱਕ, ਪੌਂਡ ਸਟਰਲਿੰਗ ਸਕਾਟਲੈਂਡ ਦੀ ਮੁਦਰਾ ਰਹੇਗੀ। ਸਕਾਟਲੈਂਡ ਵਿੱਚ ਰਹਿਣ ਵਾਲੇ ਲੋਕਾਂ ਨੂੰ ਸਟਰਲਿੰਗ ਮੁਦਰਾ ਵਿੱਚ ਅਦਾਇਗੀ ਕਰਨਾ ਜਾਰੀ ਰਹੇਗਾ, ਉਨ੍ਹਾਂ ਦੀਆਂ ਪੈਨਸ਼ਨਾਂ ਸਟਰਲਿੰਗ ਵਿੱਚ ਮਿਲਦੀਆਂ ਰਹਿਣਗੀਆਂ ਅਤੇ ਸਟਰਲਿੰਗ ਵਿੱਚ ਵਸਤੂਆਂ ਅਤੇ ਸੇਵਾਵਾਂ ਖਰੀਦੀਆਂ ਜਾਣਗੀਆਂ। ਕਾਰੋਬਾਰ ਸਟਰਲਿੰਗ ਵਿੱਚ ਵਪਾਰ ਕਰਨਾ ਜਾਰੀ ਰੱਖਣਗੇ।

ਇੱਕ ਨਵਾਂ, ਆਜ਼ਾਦ ਸਕਾਟਿਸ਼ ਸੈਂਟਰਲ ਬੈਂਕ ਇਸ ਬਾਰੇ ਸਲਾਹ ਦੇਵੇਗਾ ਕਿ ਸਕਾਟਿਸ਼ ਪੌਂਡ ਨੂੰ ਕਦੋਂ ਪੇਸ਼ ਕੀਤਾ ਜਾਣਾ ਚਾਹੀਦਾ ਹੈ, ਜਿਸ ਬਾਰੇ ਸਕਾਟਿਸ਼ ਸੰਸਦ ਵੱਲੋਂ ਆਖਰੀ ਫ਼ੈਸਲਾ ਕੀਤਾ ਜਾਵੇਗਾ।

ਸਕਾਟਿਸ਼ ਪੌਂਡ ਦੀ ਸ਼ੁਰੂਆਤ ਤੋਂ ਬਾਅਦ, ਸਕਾਟਿਸ਼ ਸੈਂਟਰਲ ਬੈਂਕ ਦੀ ਭੂਮਿਕਾ ਨਵੀਂ ਮੁਦਰਾ ਦਾ ਪ੍ਰਬੰਧਨ ਕਰਨ ਲਈ ਵਿਸਤਾਰ ਕਰੇਗੀ। ਬੈਂਕ ਮਾਲੀ ਸਥਿਰਤਾ ਨੂੰ ਯਕੀਨੀ ਬਣਾਉਣ 'ਤੇ ਧਿਆਨ ਕੇਂਦਰਿਤ ਕਰੇਗਾ।

## ਸੁਤੰਤਰ ਸਕਾਟਲੈਂਡ ਦੇ ਵਿੱਤ ਦਾ ਪ੍ਰਬੰਧਨ ਜ਼ੁੰਮੇਵਾਰੀ ਨਾਲ ਕੀਤਾ ਜਾਵੇਗਾ

ਇਹ ਯਕੀਨੀ ਬਣਾਉਣ ਲਈ ਨਵੀਆਂ ਸੰਸਥਾਵਾਂ ਸਥਾਪਤ ਕੀਤੀਆਂ ਜਾਣਗੀਆਂ ਕਿ ਇੱਕ ਸੁਤੰਤਰ ਸਕਾਟਲੈਂਡ ਕੋਲ ਟਿਕਾਊ ਜਨਤਕ ਅਰਥਚਾਰਾ ਹੋਵੇ।

ਸਕਾਟਲੈਂਡ ਯੂਕੇ ਦੇ ਕਰਜ਼ੇ ਦੇ ਇੱਕ ਜ਼ੁੰਮੇਵਾਰ ਹਿੱਸੇ ਦਾ ਭੁਗਤਾਨ ਕਰਨ ਲਈ ਰਜ਼ਾਮੰਦ ਹੋਵੇਗਾ, ਉਨ੍ਹਾਂ ਸੰਪਤੀਆਂ ਨੂੰ ਧਿਆਨ ਵਿੱਚ ਰੱਖਦਿਆਂ ਜਿਨ੍ਹਾਂ ਦਾ ਕਿ ਸਕਾਟਲੈਂਡ ਹੱਕਦਾਰ ਹੈ।

## ਨਿਵੇਸ਼ ਇੱਕ ਆਜ਼ਾਦ ਸਕਾਟਲੈਂਡ ਨੂੰ ਸਭ ਤੋਂ ਮਜ਼ਬੂਤ ਸ਼ੁਰੂਆਤ ਦੇਵੇਗਾ

ਇਹ ਸਕਾਟਿਸ਼ ਸਰਕਾਰ ਆਜ਼ਾਦੀ ਦੇ ਪਹਿਲੇ ਦਹਾਕੇ ਦੌਰਾਨ £20 ਬਿਲੀਅਨ ਤੱਕ ਨਿਵੇਸ਼ ਕਰਨ ਲਈ ਇੱਕ ਨਵੇਂ ਸਕਾਟਲੈਂਡ ਫੰਡ ਨੂੰ ਸਥਾਪਤ ਕਰੇਗੀ। ਫੰਡ ਸਕਾਟਿਸ਼ ਅਰਥਚਾਰੇ ਵਿੱਚ ਤੇਲ ਅਤੇ ਗੈਸ ਦੀ ਆਮਦਨ ਦੇ ਨਾਲ-ਨਾਲ ਹੋਰ ਵਿੰਡਫਾਲ ਆਮਦਨੀ ਦਾ ਮੁੜ ਨਿਵੇਸ਼ ਕਰੇਗਾ।

ਫੰਡ ਵੱਡੇ ਬੁਨਿਆਦੀ ਢਾਂਚੇ ਦੇ ਪ੍ਰੋਜੈਕਟਾਂ ਵਿੱਚ ਨਿਵੇਸ਼ ਕਰੇਗਾ। ਇਨ੍ਹਾਂ ਵਿੱਚ ਉਹ ਪ੍ਰੋਜੈਕਟ ਸ਼ਾਮਲ ਹਨ ਜੋ ਜਲਵਾਯੂ ਪਰਿਵਰਤਨ ਨਾਲ ਨਜਿੱਠਦੇ ਹਨ, ਅਰਥਵਿਵਸਥਾ ਨੂੰ ਸਹੀ ਤਰੀਕੇ ਨਾਲ ਵਧਣ ਵਿੱਚ ਮਦਦ ਕਰਦੇ ਹਨ, ਅਤੇ ਕਿਫਾਇਤੀ ਰਿਹਾਇਸ਼ ਦਾ ਨਿਰਮਾਣ ਕਰਦੇ ਹਨ।

## EU ਵਿੱਚ ਦੁਬਾਰਾ ਸ਼ਾਮਲ ਹੋਣ ਨਾਲ ਸਕਾਟਲੈਂਡ ਦੇ ਲੋਕਾਂ ਅਤੇ ਸਾਡੀ ਆਰਥਿਕਤਾ ਨੂੰ ਲਾਭ ਹੋਵੇਗਾ

ਇਹ ਸਕਾਟਿਸ਼ ਸਰਕਾਰ ਦਾ ਪ੍ਰਸਤਾਵ ਹੈ ਕਿ ਸਕਾਟਲੈਂਡ ਨੂੰ EU ਵਿੱਚ ਦੁਬਾਰਾ ਸ਼ਾਮਲ ਹੋਣ ਲਈ ਦਰਖ਼ਾਸਤ ਦੇਣੀ ਚਾਹੀਦੀ ਹੈ। ਇਹ ਸਕਾਟਿਸ਼ ਨਾਗਰਿਕਾਂ ਦੇ EU ਦੇ ਅੰਦਰ ਸੁਤੰਤਰ ਰੂਪ ਵਿੱਚ ਆਉਣ-ਜਾਣ ਦੇ ਅਧਿਕਾਰ ਨੂੰ ਬਹਾਲ ਕਰੇਗਾ।

ਸਾਂਝੇ ਯਾਤਰਾ ਖੇਤਰ ਨਾਮ ਦੀ ਵਿਵਸਥਾ ਦੇ ਤਹਿਤ, ਸਕਾਟਲੈਂਡ ਦੇ ਲੋਕ ਯੂਕੇ, ਆਇਰਲੈਂਡ, ਚੈਨਲ ਆਈਲੈਂਡਜ਼ ਅਤੇ ਆਇਲ ਔਫ਼ ਮੈਨ ਦੇ ਅੰਦਰ ਵੀ ਆਜ਼ਾਦ ਰੂਪ ਵਿੱਚ ਆਉਣ-ਜਾਣ ਦੇ ਯੋਗ ਹੋਣਗੇ।

EU ਦੀ ਮੈਂਬਰੀ ਦੇ ਲਾਭ ਵਪਾਰ, ਖਾਸ ਕਰਕੇ ਨਿਰਯਾਤਕਾਂ ਵੱਲੋਂ ਮਹਿਸੂਸ ਕੀਤੇ ਜਾਣਗੇ। ਉਹ ਯੂਰਪੀਅਨ ਸਿੰਗਲ ਮਾਰਕੀਟ ਤੱਕ ਪਹੁੰਚਣ ਦੇ ਯੋਗ ਹੋਣਗੇ ਜੋ ਆਬਾਦੀ ਦੇ ਲਿਹਾਜ ਨਾਲ ਯੂਕੇ ਦੇ ਆਕਾਰ ਤੋਂ ਸੱਤ ਗੁਣਾ ਹੈ। ਇੱਕ ਮੈਂਬਰ ਰਾਜ ਦੇ ਰੂਪ ਵਿੱਚ, ਸਾਨੂੰ EU ਦੇ ਮੌਜੂਦਾ ਵਪਾਰਕ ਸੌਦਿਆਂ ਅਤੇ ਲਾਭਕਾਰੀ ਸ਼ਰਤਾਂ 'ਤੇ ਨਵੇਂ ਵਪਾਰਕ ਸੌਦਿਆਂ ਦੀ ਗੱਲਬਾਤ ਕਰਨ ਦੀ ਯੋਗਤਾ ਤੋਂ ਲਾਭ ਹੋਵੇਗਾ।

ਸਿੰਗਲ ਮਾਰਕਿਟ ਵਿੱਚ ਸਾਡੇ ਸਥਾਨ ਨੂੰ ਸੁਰੱਖਿਅਤ ਕਰਨ ਲਈ, ਮਾਲ ਦੀ ਜਾਂਚ ਸਕਾਟਲੈਂਡ ਅਤੇ ਯੂਕੇ ਦੇ ਵਿਚਕਾਰ ਕੀਤੀ ਜਾਵੇਗੀ, ਪਰ ਇਸ ਨੂੰ ਸਕਾਟਲੈਂਡ ਅਤੇ 27 ਹੋਰ EU ਦੇਸ਼ਾਂ ਵਿਚਕਾਰ ਹਟਾ ਦਿੱਤਾ ਜਾਵੇਗਾ।

ਯੂਕੇ ਦੇ ਬ੍ਰੈਕਸਿਟ ਸੌਦੇ ਦੇ ਤਹਿਤ, ਯੂਕੇ ਦੇ ਅੰਦਰ ਆਉਣ ਵਾਲੇ ਕੁਝ ਸਮਾਨ ਦੀ ਜਾਂਚ ਪਹਿਲਾਂ ਹੀ ਹੁੰਦੀ ਹੈ: ਉਨ੍ਹਾਂ ਦਾ ਜਿਨ੍ਹਾਂ ਦਾ ਦਾਇਰ ਉੱਤਰੀ ਆਇਰਲੈਂਡ ਤੱਕ ਹੁੰਦਾ ਹੈ। EU ਦੇ ਹਿੱਸੇ ਵਜੋਂ ਸਕਾਟਲੈਂਡ ਹੋਣ ਦੇ ਨਾਲ, ਮਾਲ ਦਾ ਸਕਾਟਲੈਂਡ ਅਤੇ ਉੱਤਰੀ ਆਇਰਲੈਂਡ ਵਿਚਕਾਰ ਆਜ਼ਾਦ ਰੂਪ ਵਿੱਚ ਆਦਾਨ ਪ੍ਰਦਾਨ ਹੋਵੇਗਾ।

ਸਕਾਟਿਸ਼ ਸਰਕਾਰ ਨਿਰਵਿਘਨ ਵਪਾਰ ਲਈ ਸਿੱਧੀ ਵਿਹਾਰਕ ਸਹਾਇਤਾ ਮੁਹੱਈਆ ਕਰੇਗੀ।

## ਵੱਖੋ-ਵੱਖ ਆਰਥਿਕ ਬਦਲ ਸਕਾਟਲੈਂਡ ਨੂੰ ਵਧੇਰੇ ਨਿਰਪੱਖ, ਹਰਿਆ ਭਰਿਆ ਅਤੇ ਵਧੇਰੇ ਖੁਸ਼ਹਾਲ ਬਣਾ ਸਕਦੇ ਹਨ

ਸਕਾਟਲੈਂਡ ਦੇ ਮੁਕਾਬਲੇ ਆਜ਼ਾਦ ਯੂਰਪੀਅਨ ਦੇਸ਼ਾਂ ਦਾ ਤਜਰਬਾ ਦਰਸਾਉਂਦਾ ਹੈ ਕਿ ਇੱਕ ਗਤੀਸ਼ੀਲ ਆਰਥਿਕਤਾ ਅਤੇ ਸਮਾਜਿਕ ਨਿਆਂ ਨਾਲੋ-ਨਾਲ ਚੱਲ ਸਕਦੇ ਹਨ। ਹਰ ਇੱਕ ਦੂਜੇ ਨੂੰ ਮਜ਼ਬੂਤ ਬਣਾ ਸਕਦਾ ਹੈ।

**ਸਕਾਟਲੈਂਡ ਦੇ ਵਿਸ਼ਾਲ ਨਵਿਆਉਣਯੋਗ ਊਰਜਾ ਸਰੋਤ ਸਾਡੇ ਨਵੇਂ ਅਰਥਚਾਰੇ ਲਈ ਕੁੰਜੀ ਹੋਣਗੇ,** ਘਰਾਂ ਅਤੇ ਕਾਰੋਬਾਰਾਂ ਨੂੰ ਭਰੋਸੇਯੋਗ ਘੱਟ ਲਾਗਤ, ਘੱਟ-ਕਾਰਬਨ ਊਰਜਾ ਪ੍ਰਦਾਨ ਕਰਨਗੇ। ਸਕਾਟਲੈਂਡ ਦੀ ਵਿਸ਼ਾਲ ਸੰਮੁਦਰੀ ਹਵਾ ਦੀ ਸੰਭਾਵਨਾ, ਉਦਾਹਰਨ ਲਈ, ਨਾ ਸਿਰਫ਼ ਸਕਾਟਲੈਂਡ ਲਈ ਸਗੋਂ ਯੂਕੇ ਅਤੇ ਯੂਰਪ ਨੂੰ ਨਿਰਯਾਤ ਲਈ ਵੀ ਨਵਿਆਉਣਯੋਗ ਬਿਜਲੀ ਦੀ ਪੂਰਤੀ ਕਰ ਸਕਦੀ ਹੈ।

**ਇੱਕ ਨਵੀਂ ਇਮੀਗ੍ਰੇਸ਼ਨ ਪ੍ਰਣਾਲੀ ਸਕਾਟਲੈਂਡ ਨੂੰ ਲਾਭ ਪਹੁੰਚਾਏਗੀ।** ਇੱਕ ਸੁਤੰਤਰ ਸਕਾਟਲੈਂਡ ਯੂਕੇ ਦੀ ਕੁੜੱਤਣ ਭਰਪੂਰ ਵਾਤਾਵਰਣ ਪਹੁੰਚ ਨੂੰ ਪਿੱਛੇ ਛੱਡ ਸਕਦਾ ਹੈ ਅਤੇ ਇਸ ਦੀ ਬਜਾਏ ਕੰਮ ਕਰਨ ਦੀ ਉਮਰ ਦੇ ਲੋਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਇੱਥੇ ਰਹਿਣ ਲਈ ਆਕਰਸ਼ਿਤ ਕਰ ਸਕਦਾ ਹੈ। ਇਹ ਕਾਰੋਬਾਰਾਂ ਨੂੰ ਉਨ੍ਹਾਂ ਹੁਨਰਾਂ ਅਤੇ ਲੋਕਾਂ ਨੂੰ ਲੱਭਣ ਵਿੱਚ ਮਦਦ ਕਰੇਗਾ ਜਿਨ੍ਹਾਂ ਦੀ ਉਨ੍ਹਾਂ ਨੂੰ ਲੋੜ ਹੈ ਅਤੇ ਸਕਾਟਲੈਂਡ ਦੇ ਉਨ੍ਹਾਂ ਹਿੱਸਿਆਂ ਦੀ ਸਹਾਇਤਾ ਕਰੇਗਾ ਜਿਨ੍ਹਾਂ ਦੀ ਆਬਾਦੀ ਸਭ ਤੋਂ ਵੱਧ ਘਟਣ ਦੇ ਜੋਖਮ ਅਧੀਨ ਹੈ।

**ਕੰਮ ਕਰਨ ਲਈ ਇੱਕ ਨਵੀਂ ਪਹੁੰਚ ਇੱਕ ਗਤੀਸ਼ੀਲ ਆਰਥਚਾਰਾ ਅਤੇ ਇੱਕ ਨਿਆਂਪੂਰਨ ਸਮਾਜ ਦੋਵਾਂ ਦੇ ਨਿਰਮਾਣ ਦਾ ਇੱਕ ਮੁੱਖ ਹਿੱਸਾ ਹੋਵੇਗੀ।** ਇਹ ਸਕਾਟਿਸ਼ ਸਰਕਾਰ ਰਾਸ਼ਟਰੀ ਘੱਟੋ-ਘੱਟ ਉਜਰਤ ਲਈ ਇੱਕ ਇਕਹਿਰੀ ਦਰ ਦਾ ਪ੍ਰਸਤਾਵ ਕਰਦੀ ਹੈ – ਅਜਿਹੀ ਦਰ ਜੋ ਕਿ ਰਹਿਣ ਦੀ ਲਾਗਤ ਨੂੰ ਬਿਹਤਰ ਢੰਗ ਨਾਲ ਦਰਸਾਉਂਦੀ ਹੈ – ਜਿਸ ਵਿੱਚ ਛੋਟੇ ਕਰਮਚਾਰੀਆਂ ਲਈ ਕੋਈ ਘੱਟ ਦਰਾਂ ਨਹੀਂ ਹੁੰਦੀਆਂ। ਲਚਕਦਾਰ ਕੰਮ ਕਰਨ ਤੱਕ ਪਹੁੰਚ ਵਿੱਚ ਸੁਧਾਰ ਕੀਤਾ ਜਾਵੇਗਾ, ਕੰਮ ਵਾਲੀ ਥਾਂ ਦੇ ਅਧਿਕਾਰਾਂ ਨੂੰ ਮਜ਼ਬੂਤ ਕੀਤਾ ਜਾਵੇਗਾ, ਅਤੇ ਉਦਯੋਗਿਕ ਸਬੰਧਾਂ ਨੂੰ ਬਿਹਤਰ ਬਣਾਉਣ ਲਈ ਪਹਿਲੇ ਕਦਮ ਵਜੋਂ ਅਣਉਚਿਤ ਕਿਰਤ ਕਨੂੰਨਾਂ ਨੂੰ ਬਦਲ ਦਿੱਤਾ ਜਾਵੇਗਾ।

## ਸਿੱਟਾ

ਸਕਾਟਿਸ਼ ਸਰਕਾਰ ਦਾ ਮੰਨਣਾ ਹੈ ਕਿ ਸਾਨੂੰ ਇੱਕ ਵੱਖਰਾ ਭਵਿੱਖ ਚੁਣਨ ਦੀ ਲੋੜ ਹੈ।

ਜੇ ਸਕਾਟਲੈਂਡ ਸੁਤੰਤਰ ਹੋ ਜਾਂਦਾ ਹੈ, ਤਾਂ ਅਸੀਂ ਇਸ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਇਕੱਠੇ ਮਿਲ ਕੇ ਇੱਕ ਮਜ਼ਬੂਤ ਅਰਥਚਾਰਾ — ਅਤੇ ਇੱਕ ਹੋਰ ਨਿਆਂਪੂਰਨ ਸਮਾਜ ਬਣਾ ਸਕਦੇ ਹਾਂ।

© ਸਕਾਟਿਸ਼ ਸਰਕਾਰ 2022
ਸਕਾਟਿਸ਼ ਸਰਕਾਰ ਵੱਲੋਂ ਪ੍ਰਕਾਸ਼ਿਤ, ਅਕਤੂਬਰ 2022

APS ਗਰੁੱਪ ਸਕਾਟਲੈਂਡ, 21 Tennant Street, Edinburgh EH6 5NA PPDAS1142942 (10/22) ਵੱਲੋ ਸਕਾਟਿਸ਼ ਸਰਕਾਰ ਲਈ ਤਿਆਰ ਕੀਤਾ ਗਿਆ